# ਵਿਆਖਿਆ ਦੇ ਨਾਲ ਦੂਰ ਦੀ ਅਦਾਲਤੀ ਕਾਰਵਾਈ ਨਾਲ ਕਨੈਕਟ ਕਰਨ ਦਾ ਤਰੀਕਾ – *ਦੋ ਉਪਕਰਣ*

**ਇਹ ਗਾਈਡ ਕਿਸ ਲਈ ਹੈ?**

ਵੀਡੀਓ ਕਾਨਫਰੈਂਸਿੰਗ ਪ੍ਰੋਗਰਾਮ ਲੋਕਾਂ ਨੂੰ ਕਿਸੇ ਵੀ ਸਥਾਨ ਤੋਂ ਵੀਡੀਓ ਦੁਆਰਾ ਉਸੇ ਮੀਟਿੰਗ ਨਾਲ ਕਨੈਕਟ ਕਰਨ ਦਿੰਦੇ ਹਨ। ਅਦਾਲਤੀ ਕਾਰਵਾਈ ਕਰਨ ਲਈ ਤੁਹਾਡੀ ਅਦਾਲਤ ਵੀਡੀਓ ਕਾਨਫਰੈਂਸਿੰਗ ਤਕਨੀਕ ਦੀ ਵਰਤੋਂ ਕਰ ਸਕਦੀ ਹੈ। ਕੁਝ ਪ੍ਰੋਗਰਾਮਾਂ ਵਿੱਚ ਇੱਕ ਬਿਲਟ-ਇਨ ਵਿਆਖਿਆ ਵਾਲਾ ਫ਼ੀਚਰ ਨਹੀਂ ਹੁੰਦਾ ਹੈ। ਪਰ ਤੁਸੀਂ ਹਾਲੇ ਵੀ ਦੂਜੇ ਉਪਕਰਣ ਦੀ ਵਰਤੋਂ ਕਰਕੇ ਆਪਣੇ ਦੁਭਾਸ਼ੀਏ ਨਾਲ ਕਨੈਕਟ ਕਰ ਸਕਦੇ ਹੋ। ਇਹ ਗਾਈਡ ਤੁਹਾਨੂੰ ਇਹ ਦੱਸੇਗੀ ਕਿ ਵਿਆਖਿਆ ਪ੍ਰਾਪਤ ਕਰਨ ਲਈ ਦੂਜੇ ਉਪਕਰਣ ਦੀ ਵਰਤੋਂ ਕਰਦੇ ਹੋਏ, ਇੱਕ ਉਪਕਰਣ ਤੇ ਵੀਡੀਓ ਕਾਨਫਰੈਂਸਿੰਗ ਪਲੇਟਫਾਰਮ ਦੀ ਵਰਤੋਂ ਕਰਕੇ ਤੁਹਾਡੀ ਦੂਰ ਦੀ ਅਦਾਲਤੀ ਕਾਰਵਾਈ ਵਿੱਚ ਕਿਵੇਂ ਸ਼ਾਮਲ ਹੋਣਾ ਹੈ।

1

## ਆਪਣੇ ਉਪਕਰਣ ਚੁਣੋ

ਇੱਕ ਬਿਲਟ-ਇਨ ਵਿਆਖਿਆ ਵਿਸ਼ੇਸ਼ਤਾ ਦੇ ਬਿਨਾਂ ਇੱਕ ਵੀਡੀਓ ਕਾਨਫਰੈਂਸਿੰਗ ਪਲੇਟਫਾਰਮ ਤੇ ਵਿਆਖਿਆ ਪ੍ਰਾਪਤ ਕਰਨ ਲਈ, ਤੁਹਾਨੂੰ *ਦੋ ਉਪਕਰਣਾਂ* ਦੀ ਜ਼ਰੂਰਤ ਹੋਵੇਗੀ।



*ਇਹ ਉਪਕਰਣਾਂ ਇੱਕ ਕੰਪਿਊਟਰ ਅਤੇ ਇੱਕ ਫ਼ੋਨ, ਦੋ ਸਮਾਰਟਫ਼ੋਨ, ਇੱਕ ਟੈਬਲੈੱਟ ਅਤੇ ਇੱਕ ਸਮਾਰਟਫ਼ੋਨ, ਜਾਂ ਕੋਈ ਹੋਰ ਸੁਮੇਲ ਹੋ ਸਕਦਾ ਹੈ, ਜੋ ਤੁਹਾਨੂੰ ਵਰਚੁਅਲ ਕਾਰਵਾਈ ਵਿੱਚ ਸ਼ਾਮਲ ਹੋਣ ਅਤੇ ਦੁਭਾਸ਼ੀਏ ਤੋਂ ਇੱਕ ਕਾਲ ਪ੍ਰਾਪਤ ਕਰਨ ਦੀ ਇਜਾਜ਼ਤ ਦਿੰਦਾ ਹੈ।*

2

## ਆਪਣੇ ਪ੍ਰਾਇਮਰੀ ਉਪਕਰਣ ਤੇ ਮੀਟਿੰਗ ਵਿੱਚ ਸ਼ਾਮਲ ਹੋਵੋ

ਤੁਹਾਡੀ ਅਦਾਲਤੀ ਕਾਰਵਾਈ ਦੀ ਮਿਤੀ ਅਤੇ ਸਮੇਂ ਤੇ, ਤੁਹਾਨੂੰ ਅਦਾਲਤ ਤੋਂ ਪ੍ਰਾਪਤ ਹੋਈ ਮੀਟਿੰਗ ਦੇ ਸੱਦੇ ਨੂੰ ਖੋਲ੍ਹੋ। ਅਜਿਹਾ ਕਰਕੇ ਮੀਟਿੰਗ ਵਿੱਚ ਸ਼ਾਮਲ ਹੋਵੋ:

- ਮੀਟਿੰਗ ਦੇ ਸੱਦੇ ਤੋਂ ਮੀਟਿੰਗ ਲਿੰਕ ਜਾਂ "Join" (ਸ਼ਾਮਲ ਹੋਵੋ) ਬਟਨ ਨੂੰ ਚੁਣ ਕੇ ਮੀਟਿੰਗ ਵਿੱਚ ਸ਼ਾਮਲ ਹੋਵੋ, ਜਾਂ
- ਵੀਡੀਓ ਕਾਨਫਰੈਂਸਿੰਗ ਪ੍ਰੋਗਰਾਮ ਦੀ ਵੈੱਬਸਾਈਟ ਤੇ ਜਾ ਕੇ ਅਤੇ "Join" (ਸ਼ਾਮਲ ਹੋਵੋ) ਵਿਕਲਪ ਨੂੰ ਚੁਣ ਕੇ ਮੀਟਿੰਗ ਵਿੱਚ ਸ਼ਾਮਲ ਹੋਵੋ, ਜਾਂ
- ਵੀਡੀਓ ਕਾਨਫਰੈਂਸਿੰਗ ਪਲੇਟਫਾਰਮ ਦੀ ਐਪਲੀਕੇਸ਼ਨ ਨੂੰ ਖੋਲ੍ਹ ਕੇ ਮੀਟਿੰਗ ਵਿੱਚ ਸ਼ਾਮਲ ਹੋਵੋ, ਜੇਕਰ ਤੁਸੀਂ ਪਹਿਲਾਂ ਇਸਨੂੰ ਆਪਣੇ ਉਪਕਰਣ ਤੇ ਡਾਊਨਲੋਡ ਅਤੇ ਇੰਸਟਾਲ ਕੀਤਾ ਹੈ ਅਤੇ "Join" (ਸ਼ਾਮਲ ਹੋਵੋ) ਵਿਕਲਪ ਨੂੰ ਚੁਣਕੇ ਸ਼ਾਮਲ ਹੋਵੋ।







*ਜੇਕਰ ਤੁਸੀਂ ਪਹਿਲਾਂ ਵੀਡੀਓ ਕਾਨਫਰੈਂਸਿੰਗ ਪਲੇਟਫਾਰਮ ਦੀ ਐਪਲੀਕੇਸ਼ਨ ਨੂੰ ਆਪਣੀ ਡਿਵਾਈਸ ਤੇ ਡਾਊਨਲੋਡ ਅਤੇ ਇੰਸਟਾਲ ਨਹੀਂ ਕੀਤਾ ਹੈ, ਤਾਂ ਵੈੱਬ ਬ੍ਰਾਊਜ਼ਰ ਰਾਹੀਂ ਸ਼ਾਮਲ ਹੋਣ ਲਈ ਕਿਸੇ ਵੀ ਸੰਕੇਤ ਦੀ ਪਾਲਣਾ ਕਰੋ।*

3

### ਮੀਟਿੰਗ ਆਈਡੀ ਅਤੇ ਪਾਸਕੋਡ ਦਾਖ਼ਲ ਕਰੋ

ਇਸ ਗੱਲ ਤੇ ਨਿਰਭਰ ਕਰਦੇ ਹੋਏ ਕਿ ਤੁਸੀਂ ਕਿਵੇਂ ਸ਼ਾਮਲ ਹੋ, ਤੁਹਾਨੂੰ ਅਦਾਲਤ ਦੁਆਰਾ ਤੁਹਾਨੂੰ ਦਿੱਤੀ ਗਈ ਮੀਟਿੰਗ ਆਈਡੀ ਨੂੰ ਦਾਖ਼ਲ ਕਰਨ ਦੀ ਜ਼ਰੂਰਤ ਪੈ ਸਕਦੀ ਹੈ। ਜੇਕਰ ਪੁੱਛਿਆ ਜਾਵੇ, ਤਾਂ ਪਾਸਕੋਡ ਦਾਖ਼ਲ ਕਰੋ। (ਇਹ ਜਾਣਕਾਰੀ ਅਦਾਲਤ ਦੁਆਰਾ ਭੇਜੇ ਗਏ ਮੀਟਿੰਗ ਸੱਦੇ ਵਿੱਚ ਹੋਵੇਗੀ।)

*ਜੇਕਰ ਪੁੱਛਿਆ ਜਾਵੇ, ਤਾਂ ਆਪਣਾ ਪੂਰਾ ਨਾਮ ਦਾਖ਼ਲ ਕਰਨਾ ਯਕੀਨੀ ਬਣਾਓ, ਤਾਂ ਜੋ ਅਦਾਲਤ ਤੁਹਾਡੀ ਪਛਾਣ ਕਰ ਸਕੇ।*

*ਪ੍ਰੋਗਰਾਮ ਨੂੰ ਤੁਹਾਡੇ ਉਪਕਰਣ ਦੇ ਕੈਮਰੇ ਅਤੇ ਮਾਈਕ੍ਰੋਫ਼ੋਨ ਤੱਕ ਪਹੁੰਚ ਕਰਨ ਦੀ ਆਗਿਆ ਦੇਣ ਲਈ ਕਿਸੇ ਵੀ ਸੰਕੇਤ ਦੀ ਪਾਲਣਾ ਕਰੋ।*

---

4

### ਆਪਣੇ ਦੂਜੇ ਉਪਕਰਣ ਤੇ ਦੁਭਾਸ਼ੀਏ ਜਾਂ ਅਦਾਲਤ ਨੂੰ ਕਾਲ ਕਰੋ ਜਾਂ ਸਵੀਕਾਰ ਕਰੋ

ਅਦਾਲਤ ਤੁਹਾਨੂੰ ਇੱਕ ਮਨੋਨੀਤ ਫ਼ੋਨ ਲਾਈਨ ਤੇ ਕਾਲ ਕਰ ਸਕਦੀ ਹੈ। ਜਾਂ ਤੁਹਾਨੂੰ ਦੁਭਾਸ਼ੀਏ ਤੋਂ ਕਾਲ ਪ੍ਰਾਪਤ ਹੋ ਸਕਦੀ ਹੈ। ਆਪਣੇ ਦੂਜੇ ਉਪਕਰਣ ਤੇ ਇਹ ਕਾਲ ਕਰੋ ਜਾਂ ਸਵੀਕਾਰ ਕਰੋ।

*ਜੇਕਰ ਦੁਭਾਸ਼ੀਏ ਤੋਂ ਕਾਲ ਪ੍ਰਾਪਤ ਹੋ ਰਹੀ ਹੈ, ਤਾਂ ਨੰਬਰ ਬਲੌਕ ਕੀਤੇ ਜਾਂ ਨਿੱਜੀ ਵਜੋਂ ਦਿਖਾਈਆ ਜਾ ਸਕਦਾ ਹੈ।*

---

5

### ਇੱਕ ਉਪਕਰਣ ਤੇ ਆਪਣੇ-ਆਪ ਨੂੰ ਮਿਊਟ ਕਰੋ

ਦੂਜੇ ਉਪਕਰਣ ਨੂੰ ਮਿਊਟ ਕਰੋ, ਜਿਸਦੀ ਵਰਤੋਂ ਤੁਸੀਂ ਵਿਆਖਿਆ ਪ੍ਰਾਪਤ ਕਰਨ ਲਈ ਕਰ ਰਹੇ ਹੋ, ਤਾਂ ਜੋ ਤੁਸੀਂ ਸਿਰਫ ਵੀਡੀਓ ਕਾਨਫਰੈਂਸਿੰਗ ਪਲੇਟਫਾਰਮ ਵਿੱਚ ਬੋਲ ਰਹੇ ਹੋਵੋ। ਇਸਤੋਂ ਇਲਾਵਾ, ਅਦਾਲਤ ਨੂੰ ਸੰਬੋਧਨ ਕਰਨ ਤੋਂ ਇਲਾਵਾ, ਆਪਣੇ ਪ੍ਰਾਇਮਰੀ ਉਪਕਰਣ ਤੇ ਆਪਣੇ-ਆਪ ਨੂੰ ਮਿਊਟ ਕਰੋ।

*ਵੀਡੀਓ ਕਾਨਫਰੈਂਸਿੰਗ ਪਲੇਟਫਾਰਮ ਦੀ ਟੂਲਬਾਰ ਜਾਂ ਆਪਣੇ ਫ਼ੋਨ ਮੀਨੂ ਤੇ ਮਾਈਕ੍ਰੋਫ਼ੋਨ ਆਈਕੋਨ ਨੂੰ ਦੇਖੋ। ਆਪਣੇ ਮਾਈਕ੍ਰੋਫ਼ੋਨ ਨੂੰ ਬੰਦ ਜਾਂ ਚਾਲੂ ਕਰਨ ਲਈ ਆਈਕੋਨ ਨੂੰ ਚੁਣੋ। ਯਕੀਨੀ ਬਣਾਓ ਕਿ ਤੁਹਾਡਾ ਕੈਮਰਾ ਚਾਲੂ ਹੈ।*

# ਜੇਕਰ ਮੇਰੇ ਕੋਲ ਸਿਰਫ਼ ਇੱਕ ਡਿਵਾਈਸ ਹੋਵੇ, ਤਾਂ ਕੀ ਹੋਵੇਗਾ?

ਜੇਕਰ ਤੁਹਾਡੇ ਕੋਲ ਤੁਹਾਡੇ ਲਈ ਸਿਰਫ਼ ਇੱਕ ਡਿਵਾਈਸ ਉਪਲਬਧ ਹੈ (ਇੱਕ ਟੈਬਲੈੱਟ ਜਾਂ ਇੱਕ ਸਮਾਰਟਫੋਨ), ਤਾਂ ਵੀ ਵਰਚੁਅਲ ਮੀਟਿੰਗ ਵਿੱਚ ਸ਼ਾਮਲ ਹੋਣਾ ਅਤੇ ਵਿਆਖਿਆ ਪ੍ਰਾਪਤ ਕਰਨਾ ਸੰਭਵ ਹੈ। ਅਜਿਹਾ ਕਰਨ ਦਾ ਤਰੀਕਾ ਇਸ ਪ੍ਰਕਾਰ ਹੈ:

1. ਵੀਡੀਓ ਕਾਨਫਰੈਂਸਿੰਗ ਪਲੇਟਫਾਰਮ ਮੋਬਾਈਲ ਐਪਲੀਕੇਸ਼ਨ ਨੂੰ ਆਪਣੇ ਟੈਬਲੇਟ ਜਾਂ ਸਮਾਰਟਫ਼ੋਨ ਤੇ ਡਾਊਨਲੋਡ ਕਰੋ।
2. ਮੋਬਾਈਲ ਐਪਲੀਕੇਸ਼ਨ ਰਾਹੀਂ ਵਰਚੁਅਲ ਕਾਰਵਾਈ ਵਿੱਚ ਸ਼ਾਮਲ ਹੋਵੋ।
3. ਆਪਣੇ ਫ਼ੋਨ ਮੀਨੂ ਤੇ ਜਾਣ ਲਈ ਆਪਣੇ ਉਪਕਰਣ ਤੇ ਹੋਮ ਬਟਨ ਨੂੰ ਸਵਾਈਪ ਜਾਂ ਟੈਪ ਕਰੋ।
4. ਅਦਾਲਤ ਦੁਆਰਾ ਤੁਹਾਨੂੰ ਪ੍ਰਦਾਨ ਕੀਤੇ ਗਏ ਨੰਬਰ ਤੇ ਕਾਲ ਕਰਕੇ ਜਾਂ ਦੁਭਾਸ਼ੀਏ ਤੋਂ ਕਾਲ ਸਵੀਕਾਰ ਕਰਕੇ ਅਦਾਲਤ ਜਾਂ ਦੁਭਾਸ਼ੀਏ ਨਾਲ ਫ਼ੋਨ ਕਨੈਕਸ਼ਨ ਸਥਾਪਿਤ ਕਰੋ।
5. ਫ਼ੋਨ ਕਾਲ ਸਕ੍ਰੀਨ ਨੂੰ ਛੱਡਣ ਅਤੇ ਹੋਮ ਸਕ੍ਰੀਨ ਤੇ ਵਾਪਸ ਜਾਣ ਲਈ ਹੋਮ ਬਟਨ ਨੂੰ ਸਵਾਈਪ ਜਾਂ ਟੈਪ ਕਰੋ।
6. ਕੋਰਟਰੂਮ ਦੇ ਭਾਗੀਦਾਰਾਂ ਨੂੰ ਦੇਖਣ ਅਤੇ ਦ੍ਰਿਸ਼ਮਾਣ ਹੋਣ ਲਈ ਪਲੇਟਫਾਰਮ ਐਪਲੀਕੇਸ਼ਨ ਨੂੰ ਖੋਲ੍ਹੋ।

ਤੁਹਾਡਾ ਸਿਰਫ਼ ਦੁਭਾਸ਼ੀਏ ਨਾਲ ਆਡੀਓ ਕਨੈਕਸ਼ਨ ਹੋਵੇਗਾ, ਪਰ ਕੋਰਟਰੂਮ ਨਾਲ ਵੀਡੀਓ ਕਨੈਕਸ਼ਨ ਹੋਵੇਗਾ।

